# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2010/ 74793-832
ਮਿਤੀ,ਚੰਡੀਗੜ੍ਹ 9-12-2010

ਵਿਸ਼ਾ :- ਸਮੂਹ ਸਰਕਾਰੀ ਸਕੂਲਾਂ ਦੀ ਜਮਾਤ ਛੇਵੀਂ ਤੋਂ ਦਸਵੀਂ ਜਮਾਤ ਤੱਕ ਦਸੰਬਰ 2010 ਦੀ ਹੋਣ ਵਾਲੀ ਪ੍ਰੀਖਿਆ ਸਬੰਧੀ ਹਦਾਇਤਾਂ।

ਹਵਾਲਾ :- ਇਸ ਦਫ਼ਤਰ ਦੇ ਪੱਤਰ ਨੰ:ਸਸਅ/ਐਮਸੀ/2010/69273-69313 ਮਿਤੀ,ਚੰਡੀਗੜ੍ਹ 12-11-2010 ਰਾਹੀਂ।

1.0 ਉਪਰੋਕਤ ਵਿਸ਼ੇ ਅਧੀਨ ਹਵਾਲੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਉਕਤ ਹਵਾਲਾ ਅਧੀਨ ਪੱਤਰ ਰਾਹੀਂ ਮਿਤੀ 13-12-2010 ਤੋਂ ਮਿਤੀ 20-12-2010 ਤੱਕ ਜਮਾਤ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੀ ਦੂਜੀ ਟਰਮੀਨਲ ਦੀ ਪ੍ਰੀਖਿਆ ਹੋ ਰਹੀ ਹੈ ਅਤੇ ਨੌਵੀਂ ਅਤੇ ਦਸਵੀਂ ਜਮਾਤਾਂ ਦੇ ਮਹੀਨਾਵਾਰ ਟੈਸਟ ਹੋ ਰਹੇ ਹਨ।

3.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਪੇਪਰ ਮੁਲਾਂਕਣ ਦਾ ਕੰਮ ਵੀ ਨਾਲ-ਨਾਲ ਮੁਕੰਮਲ ਕੀਤਾ ਜਾਵੇ। ਮੁਲਾਂਕਣ ਦਾ ਕੰਮ ਸਹੀ ਢੰਗ ਨਾਲ ਕੀਤਾ ਜਾਵੇ ਤਾਂ ਜੋ ਵਿਦਿਆਰਥੀਆਂ ਦੀ ਅਸਲੀ ਪ੍ਰਗਤੀ ਨੂੰ ਜਾਣਿਆ ਜਾ ਸਕੇ। ਨਿਰੀਖਣ ਅਧਿਕਾਰੀਆਂ/ਟੀਮਾਂ ਇਸ ਨੂੰ ਵਿਸ਼ੇਸ਼ ਰੂਪ ਵਿੱਚ ਸਮੇਂ ਸਮੇਂ ਤੇ ਦੇਖਣਗੀਆਂ। ਸਕੂਲ ਦਾ ਸਮੁੱਚਾ ਨਤੀਜਾ 04-01-2011 ਤੱਕ ਤਿਆਰ ਕੀਤਾ ਜਾਵੇ ਅਤੇ ਇਸ ਦੀ ਕੰਪਿਊਟਰ ਵਿੱਚ ਡਾਟਾ ਐਂਟਰੀ ਕੀਤੀ ਜਾਵੇ। ਮਿਤੀ 07-01-2011 ਨੂੰ ਮਾਪੇ-ਅਧਿਆਪਕ ਮਿਲਣੀ ਕੀਤੀ ਜਾਵੇ ਅਤੇ ਮਾਪੇ-ਅਧਿਆਪਕ ਮਿਲਣੀ ਵੇਲੇ ਵਿਦਿਆਰਥੀਆਂ ਦੇ ਪ੍ਰਗਤੀ ਕਾਰਡ ਹਰ ਪੱਖੋਂ ਮੁਕੰਮਲ ਕਰਕੇ ਮਾਪਿਆਂ ਨੂੰ ਦਿਖਾਏ ਜਾਣ। ਮਾਪੇ-ਅਧਿਆਪਕ ਮਿਲਣੀ ਦਾ ਰਿਕਾਰਡ ਰੱਖਿਆ ਜਾਵੇ।

4.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ